ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ,ਪੰਜਾਬ
ਛੇਵੀਂ ਮੰਜ਼ਿਲ ,ਬਲਾਕ-ਈ ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪ ,ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ , ਫੋਨ ਨੰਬਰ-:0172-2212221

(ਪਬਲਿਕ ਨੋਟਿਸ ਰਾਹੀਂ)

ਵੱਲ

ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਐ ਸਿੱ),

ਪੰਜਾਬ।

ਪੱਤਰ ਨੰ: ਈ.762620 ਮਿਤੀ: 02.11.2026

ਵਿਸ਼ਾ: ਈ-ਪੰਜਾਬਪੋਰਟਲ (ePunjabSchool Portal) 'ਤੇ 5ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪਹਿਲੀ ਅਤੇ ਦੂਜੀ ਭਾਸ਼ਾ ਨੂੰ ਅਪਡੇਟ ਕਰਨ ਅਤੇ ਅੰਤਿਮ ਸਬਮਿਸ਼ਨ (Final Submit) ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਈ-ਪੰਜਾਬ ਸਕੂਲ ਪੋਰਟਲ (ePunjabSchool Portal) 'ਤੇ 5ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪਹਿਲੀ ਅਤੇ ਦੂਜੀ ਭਾਸ਼ਾ ਨੂੰ ਅਪਡੇਟ ਕਰਨ ਦੀ ਪ੍ਰਕਿਰਿਆ ਹੇਠ ਲਿਖੇ ਨਿਰਧਾਰਤ ਨੇਵੀਗੇਸ਼ਨ ਫਲੋ (Navigation Flow) ਅਨੁਸਾਰ ਮੁਕੰਮਲ ਕੀਤੀ ਜਾਣੀ ਹੈ:

ਸਕੂਲ ਲੈਗਇਨ (School Login - ePunjabSchool Portal)

↓

ਸਟੂਡੈਂਟ (Student)

↓

ਅਦਰ (Other)

↓

ਸਟੂਡੈਂਟਸ ਇਵੈਲੂਏਸ਼ਨ (Students Evaluation)

↓

ਅਪਡੇਟ ਵਿਦਿਆਰਥੀ ਦੀ ਪਹਿਲੀ ਅਤੇ ਦੂਜੀ ਭਾਸ਼ਾ [Update 1st & 2nd Language of Students]

↓

ਫਾਈਨਲ ਸਬਮਿਟ (Final Submit)

ਜ਼ਰੂਰੀ ਹਦਾਇਤਾਂ -

1. ਪੰਜਵੀਂ ਜਮਾਤ ਦੀ ਪ੍ਰੀਖਿਆ ਲਈ ਜ਼ਿਲਾ,ਬਲਾਕ ਅਤੇ ਸੈਂਟਰ ਪੱਧਰ ਤੇ ਨੋਡਲ ਅਫਸਰ ਨਿਯੁਕਤ ਕੀਤੇ ਜਾਣ ।
2. ਆਪਣੇ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ ਨੂੰ ਇਸ ਸਬੰਧੀ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਸਮਾਂ ਬੱਧ ਤਰੀਕੇ ਨਾਲ ਇਸ ਪ੍ਰਕਿਰਿਆ ਨੂੰ ਮੁਕੰਮਲ ਕਰਵਾਇਆ ਜਾ ਸਕੇ।
3. ਕਿਉਂਜੋ ਸਲਾਨਾ ਮੁਲਾਂਕਣ ਮਾਰਚ 2027 ਅਤੇ ਮੁੜ ਮੁਲਾਂਕਣ ਮਈ 2027 ਦੇ ਈ ਸਰਟੀਫਿਕੇਟਾਂ ਤੇ ਉਹੀ ਵੇਰਵੇ ਦਰਸਾਏ ਜਾਣਗੇ ਜੋ ਈ ਪੰਜਾਬ ਪੋਰਟਲ ਤੇ ਉਪਲਬਧ ਹੋਣਗੇ । ਇਸ ਲਈ ਵਿਦਿਆਰਥੀਆਂ ਦੇ ਵੇਰਵੇ **ਮਿਤੀ 30-11-2026** ਤੱਕ ਸਹੀ ਕਰਨੇ ਯਕੀਨੀ ਬਣਾਏ ਜਾਣ ।ਇਸ ਤੋਂ ਬਾਅਦ ਹਰ ਕਿਸਮ ਦੀ ਦਰੁਸਤੀ ਦੀ ਜਿੰਮੇਵਾਰੀ ਸਬੰਧਤ ਅਧਿਆਪਕ/ਬਲਾਕ ਨੋਡਲ/ਜ਼ਿਲਾ ਨੋਡਲ ਅਫਸਰ ਦੀ ਹੋਵੇਗੀ ।
4. ਉਕਤ ਸਬੰਧੀ ਇੰਨ/ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਕਿਰਨ ਸਰਮਾ ,ਪੀ ਸੀ ਐਸ

ਡਾਇਰੈਕਟਰ

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਪਿਠ ਅੰਕਣ ਨੰ .ਉਕਤ ਮਿਤੀ :ਸ.ਅ.ਸ ਨਗਰ : 02.11.2026

ਉਪਰੋਕਤ ਦਾ ਉਤਾਰਾ ਹੇਠ ਲਿਖਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

1.ਪੀ.ਏ.ਟੂ ਡਾਇਰੈਕਟਰ,ਐਸ ਸੀ ਈ ਆਰ ਟੀ ,ਪੰਜਾਬ।

2.ਪੀ.ਏ.ਟੂ.ਡਾਇਰੈਕਟਰ ਸਕੂਲ ਐਜੁਕੇਸ਼ਨ(ਐ.ਸਿੱ.),ਪੰਜਾਬ।

3.ਸਮੂਹ,ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵੈਬਸਾਇਟ ਰਾਹੀਂ।

4.ਸਬੰਧਤ ਸਕੂਲ ਮੁੱਖੀ(ਸਰਕਾਰੀ/ਗੈਰ ਸਰਕਾਰੀ) ਵੈਬਸਾਇਟ ਰਾਹੀਂ।

ਸਹਾਇਕ ਡਾਇਰੈਕਟਰ (ਪ੍ਰੀਖਿਆ)